## ਸਕੂਲ ਦੀਆਂ ਯੋਜਨਾਵਾਂ School Plans

ਹਰ ਇਕ ਸਕੂਲ ਦੀ ਯੋਜਨਾ ਹੋਣੀ ਚਾਹੀਦੀ ਹੈ ਕਿ ਉਹ ਸਕੂਲ ਦਾ ਕੰਮ ਕਰਨ ਵਿਚ ਡਿਸਏਬਲਡ ਵਿਦਿਆਰਥੀਆਂ ਦੀ ਕਿਵੇਂ ਸਹਾਇਤਾ ਕਰੇਗਾ ਅਤੇ ਇਹ ਕਿਸ ਤਰ੍ਹਾਂ ਉਨ੍ਹਾਂ ਲਈ ਸਕੂਲ ਵਿਚ ਘੁੰਮਣਾ ਫਿਰਨਾ ਵਧੇਰੇ ਸੌਖਾ ਕਰੇਗਾ। ਯੋਜਨਾ ਵਿਚ ਇਹ ਵੀ ਦਸਿਆ ਹੋਣਾ ਚਾਹੀਦਾ ਹੈ ਕਿ ਇਹ ਡਿਸਏਬਲਡ ਵਿਦਿਆਰਥੀਆਂ ਨੂੰ ਉਹ ਚੀਜ਼ਾਂ ਸਮਝਣ ਵਿਚ ਕਿਵੇਂ ਸਹਾਇਤਾ ਕਰੇਗਾ ਜਿਹੜੀਆਂ ਸਧਾਰਣ ਰੂਪ ਵਿਚ ਲਿਖਤੀ ਰੂਪ ਵਿਚ ਹੁੰਦੀਆਂ ਹਨ।

ਤੁਸੀਂ ਸਕੂਲ ਨੂੰ ਦਸ ਸਕਦੇ ਹੋ ਕਿ ਤੁਹਾਡੀ ਸੋਚ ਅਨੁਸਾਰ ਯੋਜਨਾ ਵਿਚ ਕੀ ਹੋਣਾ ਚਾਹੀਦਾ ਹੈ ਅਤੇ ਤੁਸੀਂ ਇਸ ਦੀ ਕਾਪੀ ਇਹੋ ਜਿਹੀ ਸ਼ਕਲ ਵਿਚ ਵੀ ਮੰਗ ਸਕਦੇ ਹੋ ਜਿਸ ਵਿਚ ਤੁਸੀਂ ਸਮਝ ਸਕਦੇ ਹੋ।

ਹੋਰ ਜ਼ਿਆਦਾ ਸਲਾਹ ਜਾਂ ਜਾਣਕਾਰੀ ਲਈ, ਵੇਰਵਿਆਂ ਲਈ ਪਿਛਲਾ ਪੰਨਾ ਵੇਖੋ

ਇਹ ਪਰਚਾ ਐਜੂਕੇਸ਼ਨ ਲਾਅ ਯੂਨਟ ਵਲੋਂ ਲਿਖਿਆ ਗਿਆ ਹੈ। ਤੁਸੀਂ ਸਾਡੇ ਨਾਲ ਸੰਪਰਕ ਏਥੇ ਕਰ ਸਕਦੇ ਹੋ:

**Education Law Unit,**
**Govan Law Centre,**
**47 Burleigh Street,**
**Glasgow G51 3LB**

ਟੈਲੀ /ਟੈਕਸਟ: **0141 445 1955**
ਫੈਕਸ: **0141 445 3934**
ਈ–ਮੇਲ: **advice@edlaw.org.uk**
ਵੈੱਬ: **www.edlaw.org.uk**

ਤੁਸੀਂ ਹੋਰ ਜ਼ਿਆਦਾ ਸਲਾਹ ਏਥੋਂ ਲੈ ਸਕਦੇ ਹੋ:
ਡਿਸਏਬਲਿਟੀ ਰਾਈਟਸ ਕਮਿਸ਼ਨ
08457 622 633
ਐਨਕੁਆਇਰ: 0131 222 2400

ਸਕਾਟਿਸ਼ ਚਾਈਲਡ ਲਾਅ ਸੈਂਟਰ
0800 328 8970 (18 ਸਾਲ ਤੋਂ ਘੱਟ ਵਾਲਿਆਂ ਲਈ)

Punjabi/INFO-disabled(406N2)

# ਡਿਸਏਬਲਡ ਅਤੇ ਸਕੂਲ ਵਿਚ

Disabled and at school

ਜੇਕਰ ਤੁਸੀਂ ਡਿਸਏਬਲਡ ਹੋ ਤਾਂ ਤੁਹਾਡੇ ਅਧਿਕਾਰ ਹਨ। ਤੁਹਾਡੇ ਸਕੂਲ ਨੂੰ ਤੁਹਾਡੇ ਅਧਿਕਾਰਾਂ ਦਾ ਆਦਰ ਕਰਨਾ ਪਏਗਾ ਅਤੇ ਇਹ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ।

## ਡਿਸਏਬਲਡ ਅਤੇ ਸਕੂਲ ਵਿਚ

Disabled and at school

ਇਹ ਖਰਚਾ ਉਨ੍ਹਾਂ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਹੈ ਜਿਨ੍ਹਾਂ ਨੂੰ ਸਕੂਲ ਵਿਚ ਵਾਧੂ ਸਹਾਇਤਾ ਦੀ ਲੋੜ ਹੈ। ਇਹ ਬਰੇਲ, ਆਡੀਓ, ਬੀ ਐਸ ਐਲ ਵਿਡੀਓ ਅਤੇ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਹੈ।

## ਕੀ ਮੈਂ ਡਿਸਏਬਲਡ ਹਾਂ? Am I disabled?

ਡਿਸਏਬਲਡਾਂ ਵਿਚ ਬਹੁਤ ਸਾਰੇ ਕਈ ਤਰ੍ਹਾਂ ਦੇ ਲੋਕ ਸ਼ਾਮਲ ਹੋ ਸਕਦੇ ਹਨ। ਇਹ ਕੇਵਲ ਵ੍ਹੀਲ ਚੇਅਰਾਂ ਵਿਚ ਬਠਣ ਵਾਲੇ ਲੋਕ ਹੀ ਨਹੀਂ ਹਨ। ਇਨ੍ਹਾਂ ਵਿਚ ਉਹ ਵੀ ਹਨ ਜਿਨ੍ਹਾਂ ਦੀਆਂ ਨਜ਼ਰ ਅਤੇ ਸੁਣਨ ਦੀਆਂ ਸਮਸਿਆਵਾਂ ਹਨ। ਇਨ੍ਹਾਂ ਵਿਚ ਬੋਲਣ ਵਾਲੀਆਂ, ਸਿਖਲਾਈ ਵਾਲੀਆਂ ਜਾਂ ਸਮਝਣ ਵਾਲੀਆਂ ਚੀਜ਼ਾਂ ਵੀ ਹਨ। ਇਸ ਸੱਭ ਵਿਚ ਹਰ ਤਰ੍ਹਾਂ ਦੀਆਂ ਸਮਸਿਆਵਾਂ ਆ ਜਾਂਦੀਆਂ ਹਨ ਜਿਹੜੀਆਂ ਲੋਕਾਂ ਨੂੰ ਹਨ। ਤਕਰੀਬਨ ਹਰ ਸੱਤ ਲੋਕਾਂ ਵਿਚੋਂ ਇਕ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਡਿਸਏਬਿਲਿਟੀ ਹੈ।

## ਮੇਰੇ ਸਕੂਲ ਨੂੰ ਕੀ ਕਰਨਾ ਚਾਹੀਦਾ ਹੈ?

What should my school do?

ਜੇਕਰ ਤੁਸੀਂ ਸਕੂਲ ਵਿਚ ਹੋ ਤਾਂ ਤੁਹਾਡੇ ਸਕੂਲ ਨੂੰ ਤੁਹਾਡੇ ਨਾਲ ਡਿਸਏਬਿਲਿਟੀ ਕਾਰਣ ਬਾਕੀ ਵਿਦਿਆਰਥੀਆਂ ਨਾਲੋਂ ਮਾੜਾ ਸਲੂਕ ਨਹੀਂ ਕਰਨਾ ਚਾਹੀਦਾ।

ਉਦਾਹਰਣ ਵਜੋਂ ਆਮ ਤੌਰ ਤੇ ਡਿਸਏਬਿਲਿਟੀ ਕਾਰਣ ਤੁਹਾਨੂੰ ਕਲਾਸਾਂ, ਸਕੂਲ ਟਰਿੱਪਾਂ ਜਾਂ ਕ੍ਰਿਆਵਾਂ ਵਿਚ ਭਾਗ ਲੈਣ ਤੋਂ ਨਹੀਂ ਰੋਕਣਾ ਚਾਹੀਦਾ।

ਸਕੂਲ ਨੂੰ ਸ਼ਾਇਦ ਆਪਣੇ ਕੰਮ ਕਰਨ ਦੇ ਤਰੀਕਿਆਂ ਵਿਚ ਕੁਝ ਤਬਦੀਲੀਆਂ ਕਰਨੀਆਂ ਪੈਣ ਜੇਕਰ ਇੰਝ ਕਰਨ ਨਾਲ ਤੁਹਾਨੂੰ ਸਕੂਲ ਵਿਚ ਸਹਾਇਤਾ ਮਿਲਦੀ ਹੈ।

ਉਦਾਹਰਣ ਵਜੋਂ, ਸ਼ਾਇਦ ਤੁਹਾਨੂੰ ਆਪਣਾ ਹੋਮਵਰਕ ਜਾਂ ਕਲਾਸ ਦਾ ਕੰਮ ਕਰਨ ਲਈ ਵਾਧੂ ਸਮੇਂ ਦੀ ਲੋੜ ਪਵੇ। ਸ਼ਾਇਦ ਤੁਹਾਨੂੰ ਸਟਾਫ ਵਾਲੀਆਂ ਟੌਆਇਲੈਟਾਂ ਤਕ ਪਹੁੰਚ ਕਰਨ ਦੀ ਜਾਂ ਤੁਹਾਡੀਆਂ ਕਲਾਸਾਂ ਗਰਾਊਂਡ ਫਲੋਰ ਵਾਲੇ ਕਲਾਸਰੂਮਾਂ ਵਿਚ ਲਗਾਉਣ ਦੀ ਲੋੜ ਹੋਵੇ।

## ਜੇਕਰ ਇੰਝ ਨਹੀਂ ਹੁੰਦਾ ਤਾਂ ਫੇਰ ਕੀ?

What if it doesn’t happen?

ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਸਕੂਲ ਨੇ ਤੁਹਾਡੇ ਨਾਲ ਮਾੜਾ ਸਲੂਕ ਕੀਤਾ ਹੈ ਕਿਉਂਕਿ ਤੁਸੀਂ ਡਿਸਏਬਲਡ ਹੋ ਜਾਂ ਤੁਹਾਡੀ ਸਹਾਇਤਾ ਕਰਨ ਲਈ ਸਕੂਲ ਨੇ ਕੋਈ ਤਬਦੀਲੀਆਂ ਨਹੀਂ ਕੀਤੀਆਂ ਤਾਂ ਤੁਸੀਂ ਕਿਸੇ ਕੰਸੀਲੀਏਟਰ ਲਈ ਕਹਿ ਸਕਦੇ ਹੋ। ਕੰਸੀਲੀਏਟਰ ਉਹ ਬੰਦਾ ਹੈ ਜਿਹੜਾ ਤੁਹਾਨੂੰ ਅਤੇ ਸਕੂਲ ਨੂੰ ਇਸ ਗਲ ਤੇ ਸਹਿਮਤ ਹੋਣ ਵਿਚ ਸਹਾਇਤਾ ਕਰ ਸਕਦਾ ਹੈ ਕਿ ਅਗੋਂ ਕੀ ਹੋਣਾ ਚਾਹੀਦਾ ਹੈ। ਹੋਰ ਜਾਣਕਾਰੀ ਲੈਣ ਲਈ ਡਿਸਏਬਿਲਿਟੀ ਰਾਈਟਸ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ। (ਵੇਰਵੇ ਲਈ ਪਿਛਲਾ ਪੰਨਾ ਵੇਖੋ)